ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ
(ਆਮ ਤਾਲਮੇਲ ਸ਼ਾਖਾ)

# ਹੁਕਮ

ਪੰਜਾਬ ਰਾਜ ਵਿਚ COVID-19 ਦੇ ਮਾੜੇ ਪ੍ਰਭਾਵਾਂ ਦੇ ਕੰਟਰੋਲ ਸਬੰਧੀ ਡਾਇਰੈਕਟਰ, ਸਿਹਤ ਸੇਵਾਵਾਂ, ਪੰਜਾਬ ਦੇ ਦਫਤਰ ਵਿੱਖੇ State COVID-19 Control Room (SCCR) ਸਥਾਪਿਤ ਕੀਤਾ ਜਾਂਦਾ ਹੈ। ਇਹ ਕੰਟਰੋਲ ਰੂਮ ਮਿਤੀ 23-03-2020 (ਸੋਮਵਾਰ) ਨੂੰ ਸਵੇਰੇ 06:00 ਵਜੇ ਤੋਂ ਅੱਧੀ ਰਾਤ ਤੱਕ ਰੋਜ਼ਾਨਾ ਅਗਲੇਰੇ ਹੁਕਮਾਂ ਤੱਕ ਕੰਮ ਕਰੇਗਾ। ਇਸ ਕੰਟਰੋਲ ਰੂਮ ਦੇ ਮੁੱਖੀ ਸ੍ਰੀ ਰਾਹੁਲ ਤਿਵਾੜੀ, ਆਈ.ਏ.ਐਸ, ਸਕੱਤਰ, ਰੋਜ਼ਗਾਰ ਉਤਪਤੀ ਅਤੇ ਸਿਖਲਾਈ ਵਿਭਾਗ ਹੋਣਗੇ। ਕੰਟਰੋਲ ਰੂਮ ਦੇ ਬਾਕੀ ਮੈਂਬਰਾਂ ਦਾ ਵੇਰਵਾਂ ਹੇਠ ਲਿਖੇ ਅਨੁਸਾਰ ਹੈ:-

1. ਸ੍ਰੀ ਸੁਮੀਤ ਜਰਾਂਗਲ, ਆਈ.ਏ.ਐਸ. ਮੈਨੇਜਿੰਗ ਡਾਇਰੈਕਟਰ, ਪੀ.ਐਸ.ਆਈ.ਈ.ਸੀ,
2. ਸ੍ਰੀ ਵਿਪੁਲ ਉਜ਼ਵਲ, ਆਈ.ਏ.ਐਸ, ਜੇ.ਡੀ.ਸੀ, ਆਈ.ਆਰ.ਡੀ,
3. ਸ੍ਰੀਮਤੀ ਅਮਨਿੰਦਰ ਕੌਰ ਬਰਾੜ, ਪੀ.ਸੀ.ਐਸ, ਉਪ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ,
4. ਸ੍ਰੀਮਤੀ ਰਾਜਦੀਪ ਕੌਰ, ਪੀ.ਸੀ.ਐਸ, ਉਪ ਸਕੱਤਰ, ਸੂਚਨਾ ਅਤੇ ਲੋਕ ਸ਼ੰਪਰਕ ਵਿਭਾਗ,
5. ਸ੍ਰੀ ਰਾਕੇਸ਼ ਸਿੰਘ, ਡਿਪਟੀ ਡਾਇਰੈਕਟਰ, ਖੁਰਾਕ ਤੇ ਸਿਵਲ ਸਪਲਾਈ ਵਿਭਾਗ,
6. ਸ੍ਰੀਮਤੀ ਹਰਜੀਤ ਕੌਰ, ਡਿਪਟੀ ਡਾਇਰੈਕਟਰ, ਖੁਰਾਕ ਤੇ ਸਿਵਲ ਸਪਲਾਈ ਵਿਭਾਗ,
7. ਸ੍ਰੀ ਪਿਆਰਾ ਸਿੰਘ, ਸਹਾਇਕ ਟਰਾਂਸਪੋਰਟ ਅਫਸਰ (ਮੁੱਖ ਦਫਤਰ),
8. ਦੋ ਅਧਿਕਾਰੀਆ ਦੀ ਨਿਯੁਕਤੀ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਕੀਤੀ ਜਾਵੇਗੀ।

2. ਇਹ ਕੰਟਰੋਲ ਰੂਮ ਰਾਜ ਦੇ ਸਮੂਹ ਵਿਭਾਗਾਂ, ਸਮੂਹ ਡਿਪਟੀ ਕਮਿਸ਼ਨਰਾਂ, ਐਸ.ਐਸ.ਪੀਜ਼, ਸਿਵਲ ਸਰਜਨਾਂ ਅਤੇ ਜਿਲ੍ਹਿਆਂ ਦੇ ਮੁਖੀਆਂ ਵਿਚਕਾਰ COVID-19 ਮੈਨੇਜਮੈਂਟ ਸਬੰਧੀ ਜਰੂਰਤਾਂ ਦੀ ਪੂਰਤੀ ਲਈ ਤਾਲਮੇਲ ਅਤੇ ਸ਼ੰਪਰਕ ਦਾ ਕੰਮ ਕਰੇਗਾ। ਕੰਟਰੋਲ ਰੂਮ ਦੇ ਮੁੱਖੀ ਰੋਜ਼ਾਨਾ ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਨੂੰ ਆਪਣੀ ਰਿਪੋਰਟ ਪੇਸ਼ ਕਰਨਗੇ।

3. State COVID-19 Control Room (SCCR) ਦੀ ਤਰ੍ਹਾਂ ਜਿਲ੍ਹਾਂ ਪ੍ਰਸ਼ਾਸਨ ਦੁਆਰਾ ਆਪਣੇ-ਆਪਣੇ ਜਿਲ੍ਹਿਆਂ ਵਿਚ ਕੰਟਰੋਲ ਸਥਾਪਿਤ ਕੀਤੇ ਜਾਣਗੇ, ਜੋ ਰੋਜ਼ਾਨਾ ਆਪਣੀ ਰਿਪੋਰਟ SCCR ਦੇ ਮੁਖੀ ਨੂੰ ਭੇਜਣਾਂ ਯਕੀਨੀ ਬਣਾਉਣਗੇ।

4. ਇਹ ਹੁਕਮ ਤੁਰੰਤ ਲਾਗੂ ਹੋਣਗੇ।

ਮਿਤੀ, ਚੰਡੀਗੜ੍ਹ
21-03-2020

ਕਰਨ ਅਵਤਾਰ ਸਿੰਘ
ਮੁੱਖ ਸਕੱਤਰ, ਪੰਜਾਬ ਸਰਕਾਰ

ਪਿ:ਅੰ:ਨੰ. GAD-CORDOMEET/4/2020-GC(2)/E17327/361 ਮਿਤੀ, ਚੰਡੀਗੜ੍ਹ 21-03-2020

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ।

1. ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ,
2. ਸਮੂਹ ਵਿਭਾਗਾ ਦੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ,
3. ਸਕੱਤਰ, ਰੋਜਗਾਰ ਉਤਪੱਤੀ ਅਤੇ ਸਿਖਲਾਈ ਵਿਭਾਗ,
4. ਡਾਇਰੈਕਟਰ, ਜ਼ਨਰਲ ਆਫ ਪੁਲਿਸ, ਪੰਜਾਬ, ਚੰਡੀਗੜ੍ਹ,
5. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ,
6. ਸਮੂਹ ਵਿਭਾਗਾ ਦੇ ਮੁਖੀ,
7. ਲੜੀ ਨੰ: 1 ਤੋਂ 7 ਦੇ ਦਰਜ਼ ਅਧਿਕਾਰੀ,
8. ਸਮੂਹ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ,
9. ਸਕੱਤਰ/ਮੁੱਖ ਮੰਤਰੀ, ਪੰਜਾਬ,
10. ਸਕੱਤਰ/ਮੁੱਖ ਸਕੱਤਰ, ਪੰਜਾਬ,
11. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਆਮ ਰਾਜ ਪ੍ਰਬੰਧ ਵਿਭਾਗ।

21/3/2020
ਸੁਪਰਡੰਟ

Scanned with CamScanner